CFA FIRE RESCUE VICTORIA

cfa.vic.gov.au/languages

# ਕੀ ਮੈਂ ਯਾਤਰਾ ਕਰ ਸਕਦੀ ਹਾਂ?



## ਅੱਗ ਲੱਗਣ ਦੇ ਖ਼ਤਰੇ ਦੇ ਸਮੇਂ

ਤੁਸੀਂ ਅੱਗ ਲੱਗਣ ਦੇ ਖ਼ਤਰੇ ਦੇ ਸਮੇਂ (Fire Danger Period) ਵਿੱਚ ਯਾਤਰਾ ਕਰ ਸਕਦੇ ਹੋ ਪਰ ਯਕੀਨੀ ਬਣਾਓ ਕਿ ਤੁਸੀਂ ਪਹਿਲਾਂ ਮੌਸਮ ਦੇ ਹਲਾਤਾਂ ਅਤੇ ਅੱਗ ਲੱਗਣ ਦੇ ਜ਼ੋਖਮਾਂ ਦਾ ਪਤਾ ਕਰਦੇ ਹੋ:

- ਅੱਗ ਲੱਗਣ ਦੇ ਖ਼ਤਰੇ ਦੀਆਂ ਰੇਟਿੰਗਾਂ ਦੀ (Fire Danger Ratings) ਹਮੇਸ਼ਾ ਜਾਂਚ ਕਰੋ
- ਜਿੱਥੇ ਤੁਸੀਂ ਯਾਤਰਾ ਕਰ ਰਹੇ ਹੋ ਉੱਥੇ ਅੱਗ ਲਗਾਉਣ ‘ਤੇ ਪੂਰਨ ਪਾਬੰਦੀ (Total Fire Bans) ਹੋ ਸਕਦੀ ਹੈ।
- ਬਹੁਤ ਜ਼ਿਆਦਾ (Extreme)  ਅਤੇ ਵਿਨਾਸ਼ਕਾਰੀ (Catastrophic) ਰੇਟਿੰਗ ਵਾਲੇ ਦਿਨਾਂ ‘ਤੇ, ਅੱਗ ਲੱਗਣ ਦੇ ਉੱਚ ਜ਼ੋਖਮ ਵਾਲੇ ਖੇਤਰਾਂ ਤੋਂ ਬਚਣ ਲਈ ਆਪਣੀਆਂ ਯੋਜਨਾਵਾਂ ਨੂੰ ਬਦਲਣ ਬਾਰੇ ਸੋਚੋ।

ਤੁਸੀਂ ਤਾਜ਼ਾ ਜਾਣਕਾਰੀ ਨਾਲ ਸੂਚਿਤ ਰਹੋ:

- Vic Emergency (ਵਿਕ ਐਮਰਜੈਂਸੀ) ਹੌਟਲਾਈਨ **1800 226 226** ਨੂੰ ਆਪਣੇ ਮੋਬਾਈਲ ਵਿੱਚ ਪਾਓ।
- Vic Emergency ਐਪ ਡਾਊਨਲੋਡ ਕਰੋ।
- ਇਸ ਐਪ ਵਿੱਚ location services (ਸਥਾਨ ਸੇਵਾਵਾਂ) ਨੂੰ ਚਾਲੂ ਕਰੋ ਅਤੇ ਉਨ੍ਹਾਂ ਸਥਾਨਾਂ ਲਈ ਵਾਚ ਜ਼ੋਨ ਸੈੱਟ ਅੱਪ ਕਰੋ ਜਿੱਥੇ ਤੁਸੀਂ ਜਾ ਰਹੇ ਹੋ।
- ਜਦੋਂ ਤੁਸੀਂ ਸੜਕ ‘ਤੇ ਯਾਤਰਾ ਕਰ ਰਹੇ ਹੋ ਤਾਂ ਚੇਤਾਵਨੀਆਂ ਅਤੇ ਸਲਾਹਾਂ ਸੁਣਨ ਲਈ ABC ਰੇਡੀਓ ਜਾਂ ਸਥਾਨਕ ਰੇਡੀਓ ਸੁਣੋ।
- ਐਮਰਜੈਂਸੀ ਦੀਆਂ ਤਾਜ਼ਾ ਜਾਣਕਾਰੀਆਂ ਲਈ ਕਦੇ ਵੀ ਜਾਣਕਾਰੀ ਦੇ ਇੱਕ ਸਰੋਤ ‘ਤੇ ਭਰੋਸਾ ਨਾ ਕਰੋ।

ਅੱਗ ਲੱਗਣ ਦੇ ਮੌਸਮ ਦੌਰਾਨ ਯਾਤਰਾ ਕਰਨ ਬਾਰੇ ਤੁਹਾਨੂੰ ਹੋਰ ਵੀ ਚੀਜ਼ਾਂ ਜਾਣਨ ਦੀ ਲੋੜ ਹੋਵੇਗੀ।

ਹੋਰ ਜਾਣਕਾਰੀ ਸਰੋਤਾਂ ਲਈ **cfa.vic.gov.au/languages** ‘ਤੇ ਜਾਓ।

## ਕਾਮਿਆਂ ਲਈ ਬੁਸ਼ਫਾਇਰ ਸੇਫ਼ਟੀ

**cfa.vic.gov.au/atrisk** ‘ਤੇ ਸਾਡੇ ਔਨਲਾਈਨ ਈ-ਲਰਨਿੰਗ ਮੋਡੀਊਲ ‘ਤੇ ਜਾਓ ਜੋ ਕਿ ਗਰਮੀਆਂ ਦੌਰਾਨ ਵਿਕਟੋਰੀਆ ਵਿੱਚ ਯਾਤਰਾ ਕਰਨ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

*ਔਨਲਾਈਨ ਈ-ਲਰਨਿੰਗ ਮੋਡੀਊਲ ਸਿਰਫ਼ ਅੰਗਰੇਜ਼ੀ ਭਾਸ਼ਾ ਵਿੱਚ ਉਪਲਬਧ ਹਨ।

ਹੋਰ ਜਾਣਨ ਲਈ QR ਕੋਡ ਨੂੰ ਸਕੈਨ ਕਰੋ।
**ਇਕੱਠੇ ਮਿਲ ਕੇ ਅਸੀਂ ਅੱਗ ਤੋਂ ਸੁਰੱਖਿਅਤ ਰਹਿ ਸਕਦੇ ਹਾਂ।**